# ਦਫਤਰ ਉਪ ਮੰਡਲ ਮੈਜਿਸਟਰੇਟ, ਸ੍ਰੀ ਅਨੰਦਪੁਰ ਸਾਹਿਬ

ਹੁਕਮ

ਸਿਵਲ ਸਰਜਨ,ਰੂਪਨਗਰ ਦੇ ਦਫਤਰ ਦੇ ਪੱਤਰ ਨੰਬਰ IDSP/2020/3954 ਮਿਤੀ 21.11.2020 ਰਾਹੀਂ ਇਸ ਦਫਤਰ ਨੂੰ ਸੂਚਿਤ ਕੀਤਾ ਹੈ ਕਿ ਸਬ ਡਵੀਜ਼ਨ ਸ੍ਰੀ ਅਨੰਦਪੁਰ ਸਾਹਿਬ ਦੇ ਅਧਿਕਾਰ ਖੇਤਰ ਵਿੱਚ ਪੈਂਦੇ ਪਿੰਡ ਝਿੰਜੜੀ ਅਪਰ ਏਰੀਏ ਵਿੱਚ 5 ਤੋਂ ਵੱਧ ਵਿਅਕਤੀ ਕਰੋਨਾ ਵਾਇਰਸ ਬਿਮਾਰੀ ਕਾਰਨ **Positive** ਪਾਏ ਗਏ ਹਨ।ਇਸ ਲਈ ਕਰੋਨਾ ਵਾਇਰਸ ਦੀ ਬਿਮਾਰੀ ਦੀ ਗੰਭੀਰਤਾ ਅਤੇ ਆਮ ਲੋਕਾਂ ਦੀ ਸੁਰੱਖਿਆ ਨੂੰ ਮੁੱਖ ਰੱਖਦੇ ਹੋਏ ਮਾਨਯੋਗ ਡਿਪਟੀ ਕਮਿਸ਼ਨਰ,ਰੂਪਨਗਰ ਜੀ ਦੇ ਹੁਕਮਾਂ ਮੁਤਾਬਿਕ ਅਤੇ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ(ਹੈਲਥ 4 ਬ੍ਰਾਂਚ) ਪੰਜਾਬ ਦੇ ਪਿਠ ਅੰਕਣ ਨੰਬਰ Covid-19/NHM/1476 dt 18.06.2020 ਰਾਹੀਂ ਜਾਰੀ ਗਾਈਡਲਾਈਨਜ਼ ਅਨੁਸਾਰ ਸ੍ਰੀ ਮੁਨੀ ਲਾਲ ਪੁੱਤਰ ਸ੍ਰੀ ਜੀਤ ਰਾਮ ਦੇ ਘਰ ਤੋਂ ਲੈ ਕੇ ਸ੍ਰੀ ਸ਼ਾਮ ਸੁੰਦਰ ਪੁੱਤਰ ਸ੍ਰੀ ਪ੍ਰਕਾਸ਼ ਚੰਦ ਦੇ ਘਰ ਤੱਕ ਪੈਂਦੇ ਏਰੀਏ (61 ਘਰ ਅਤੇ 231 ਵਿਅਕਤੀ) ਨੂੰ ਮਾਈਕਰੋ ਕੰਨਟੇਨਮੇਂਟ ਜ਼ੋਨ ਘੋਸ਼ਿਤ ਕਰਦੇ ਹੋਏ ਮੁਕੰਮਲ ਤੌਰ ਤੇ ਮਿਤੀ 21.11.2020 ਤੋਂ 30.11.2020 ਤੱਕ ਮੁਕੰਮਲ ਤੌਰ ਤੇ ਸੀਲ ਕੀਤਾ ਜਾਂਦਾ ਹੈ।ਸੀਲ ਕੀਤੇ ਗਏ ਏਰੀਏ ਵਿੱਚ ਕੇਵਲ ਮੈਡੀਕਲ ਸਟੋਰ,ਕਰਿਆਨਾ ਅਤੇ ਦੁੱਧ ਦੀਆਂ ਦੁਕਾਨਾਂ ਨੂੰ ਸਵੇਰੇ 08.00 ਵਜੇ ਤੋਂ ਦੁਪਹਿਰ 12.00 ਵਜੇ ਤੱਕ ਹੋਮ ਡਲਿਵਰੀ ਕਰਨ ਦੀ ਹੀ ਇਜ਼ਾਜਤ ਦਿੱਤੀ ਜਾਂਦੀ ਹੈ।ਮਾਈਕਰੋ ਕੰਨਟੇਨਮੇਂਟ ਜ਼ੋਨ ਵਿੱਚੋਂ ਕਿਸੇ ਨੂੰ ਵੀ ਬਾਹਰ ਆਉਣ/ਜਾਣ ਦੀ ਇਜ਼ਾਜਤ ਨਹੀਂ ਹੋਵੇਗੀ.ਕੇਵਲ ਗੰਭੀਰ ਮੈਡੀਕਲ ਕੇਸ ਪੜਤਾਲ ਤੋਂ ਬਾਅਦ ਵਿੱਚ ਹੀ ਕੰਟੇਨਮੈਂਟ ਜ਼ੋਨ ਤੋਂ ਬਾਹਰ ਆਉਣ ਜਾਣ ਦੀ ਇਜ਼ਾਜਤ ਹੋਵੇਗੀ ਅਤੇ ਹਰ ਆਉਣ ਜਾਣ ਵਾਲੇ ਦਾ ਰਿਕਾਰਡ ਰੱਖਿਆ ਜਾਵੇਗਾ।

ਇਸ ਸੀਲ ਕੀਤੇ ਏਰੀਏ ਵਿੱਚ ਲੋੜੀਂਦੇ ਪ੍ਰਬੰਧਾਂ ਲਈ ਹੇਠ ਲਿਖੇ ਅਧਿਕਾਰੀਆਂ ਦੀਆ ਡਿਊਟੀਆਂ ਮਿਤੀ 21.11.2020 ਤੋਂ 30.11.2020 ਤੱਕ ਲਗਾਈਆਂ ਜਾਂਦੀਆਂ ਹਨ।

| ਲੜੀ ਨੰ. | ਅਧਿਕਾਰੀ ਦਾ ਨਾਮ | ਡਿਊਟੀ ਦਾ ਵੇਰਵਾ |
|---|---|---|
| 1 | ਉਪ ਪੁਲਿਸ ਕਪਤਾਨ,ਸ੍ਰੀ ਅਨੰਦਪੁਰ ਸਾਹਿਬ | 1) ਭਾਰਤ ਸਰਕਾਰ ਵਲੋਂ ਜਾਰੀ Containment Plan Covid-19 ਲਾਗੂ ਕਰਵਾਉਣ ਲਈ ਉਕਤ ਏਰੀਏ ਵਿਖੇ ਲੋੜੀਂਦੇ ਸੁਰੱਖਿਆ ਪ੍ਰਬੰਧ ਮੁਹੱਈਆ ਕਰਵਾਉਣਗੇ।<br>2) ਉਕਤ ਏਰੀਏ ਨੂੰ ਆਉਣ ਵਾਲੇ ਸਾਰੇ ਰਸਤਿਆਂ ਨੂੰ ਪੂਰੀ ਤਰ੍ਹਾਂ ਸੀਲ ਕੀਤਾ ਜਾਵੇ।<br>3) ਉਕਤ ਏਰੀਏ ਵਿੱਚ ਕਿਸੇ ਵੀ ਵਿਅਕਤੀ ਨੂੰ ਨਿਮਨ ਹਸਤਾਖਰ ਦੀ ਪ੍ਰਵਾਨਗੀ ਲੈਣ ਉਪਰੰਤ ਹੀ ਸਬੰਧਤ ਏਰੀਏ ਵਿੱਚ ਆਉਣ ਜਾਂ ਬਾਹਰ ਜਾਣ ਦਿੱਤਾ ਜਾਵੇ।<br>4) ਉਕਤ ਏਰੀਏ ਵਿੱਚ 24 ਘੰਟੇ ਨਾਕਾਬੰਦੀ ਕੀਤੀ ਜਾਵੇ।<br>5) ਕਿਸੇ ਵੀ ਵਿਅਕਤੀ ਨੂੰ ਸਬੰਧਤ ਏਰੀਏ ਤੋਂ ਬਾਹਰ ਨਾ ਜਾਣ ਦਿੱਤਾ ਜਾਵੇ।<br>6) ਉਕਤ ਏਰੀਏ ਤੋਂ ਹੋਰ ਪਿੰਡਾਂ ਨੂੰ ਜਾਣ ਵਾਲੇ ਜਾਂ ਆਉਣ ਵਾਲੇ ਵਿਅਕਤੀਆਂ ਦੀ ਤਫਤੀਸ਼ ਕਰਨ ਲਈ ਟੀਮ ਲਗਾਈ ਜਾਵੇ ਅਤੇ ਟੀਮ ਦੀ ਤਫਤੀਸ਼ ਉਪਰੰਤ ਸਬੰਧਤ ਵਿਅਕਤੀ ਦੀ ਮੈਡੀਕਲ ਟੀਮ ਪਾਸੋਂ ਜਾਂਚ ਕਰਵਾਈ ਜਾਵੇ।<br>7) ਸਿਵਲ ਸਰਜ਼ਨ,ਰੂਪਨਗਰ ਦੁਆਰਾ ਲਾਈ ਗਈ ਆਰ. ਆਰ.ਟੀ. ਟੀਮ ਨੂੰ ਪੂਰਾ ਸਹਿਯੋਗ ਦਿੱਤਾ ਜਾਵੇ। |
| 2 | ਸਿਵਲ ਸਰਜ਼ਨ,ਰੂਪਨਗਰ | 1) ਭਾਰਤ ਸਰਕਾਰ ਵਲੋਂ ਜਾਰੀ Containment Plan Covid-19 ਦੀ ਪਾਲਣਾ ਕਰਵਾਉਣ ਦੇ ਓਵਰ ਆਲ ਇੰਚਾਰਜ਼ ਹੋਣਗੇ।<br>2) ਮੈਡੀਕਲ ਟੀਮ ਵਲੋਂ ਹਾਊਸ ਟੂ ਹਾਊਸ ਸਰਵੇ ਕਰਕੇ ਇਹ ਸੁਨਿਸ਼ਚਿਤ ਕੀਤਾ ਜਾਵੇ ਕਿ ਉਕਤ ਏਰੀਏ ਵਿੱਚ ਕੋਈ ਵਿਅਕਤੀ ਕੋਰੋਨਾਵਾਇਰਸ ਬਿਮਾਰੀ ਕਾਰਨ Positive ਤਾਂ ਨਹੀਂ ਹੈ ? |

Scanned with CamScanner

| | | |
|---|---|---|
| | | 3) ਜੇਕਰ ਉਕਤ ਏਰੀਏ ਵਿੱਚ ਕੋਈ ਵੀ ਸਿਮਟੋਮੈਟਿਕ ਕੇਸ ਪਾਇਆ ਜਾਂਦਾ ਹੈ ਤਾਂ ਉਸਨੂੰ ਤੁਰੰਤ ਜਿਲ੍ਹਾ ਹਸਪਤਾਲ ਵਿਖੇ ਰੈਫਰ ਕੀਤਾ ਜਾਵੇ।<br>4) ਉਕਤ ਏਰੀਏ ਵਿੱਚ ਡਿਊਟੀ ਤੇ ਤਾਇਨਾਤ ਸਾਰੇ ਵਿਭਾਗਾਂ ਦੇ ਕਰਮਚਾਰੀਆਂ ਨੂੰ ਮਾਸਕ ਗਲੱਬਸ ਤੇ ਸੈਨੀਟਾਈਜ਼ਰ ਮੁਹੱਈਆ ਕਰਵਾਏ ਜਾਣ।<br>5) <u>ਉਕਤ ਏਰੀਏ ਵਿੱਚ ਹਾਊਸ ਟੂ ਹਾਊਸ ਸਰਵੇ ਦੌਰਾਨ</u><br>i) ਜਿਹੜੇ ਵਿਅਕਤੀ 60 ਸਾਲਾ ਤੋਂ ਉਪਰ ਹਨ<br>ii) ਜਿਹੜੇ ਵਿਅਕਤੀ CO-MORBID ਕੰਡੀਸ਼ਨ ਵਿੱਚ ਹੋਣ<br>iii) ਉਹ ਲੋਕ ਜਿਹੜੇ ਭਟੋਲੀ ਦੇ ਸਬੰਧਤ ਏਰੀਏ ਵਿੱਚ ਪਿਛਲੇ 15 ਦਿਨਾਂ ਵਿੱਚ ਜਾ ਕੇ ਆਏ ਹਨ, ਉਨ੍ਹਾਂ ਦੀ ਲਿਸਟ ਤਿਆਰ ਕਰਨ ਉਪਰੰਤ ਉਨ੍ਹਾਂ ਨੂੰ 14 ਦਿਨਾਂ ਲਈ ਹੋਮ ਕੋਆਰਨਟੀਨ ਵਿੱਚ ਰੱਖਣ ਦੇ ਆਦੇਸ਼ ਦਿੱਤੇ ਜਾਣ ਅਤੇ ਸਬੰਧਤ ਕਲੱਸਟਰ ਅਫਸਰ ਨਾਲ ਤਾਲਮੇਲ ਕੀਤਾ ਜਾਵੇ। |
| 3 | ਬੀਡੀਪੀਓ ਸ੍ਰੀ ਅਨੰਦਪੁਰ ਸਾਹਿਬ | 1) ਉਕਤ ਏਰੀਏ ਵਿੱਚ ਸਪਰੇਅ ਕਰਵਾਉਣ ਲਈ ਜਿੰਮੇਵਾਰ ਹੋਣਗੇ। ਉਕਤ ਏਰੀਏ ਵਿੱਚੋਂ ਜੋ ਵਾਹਨ ਨਿਮਨਹਸਤਾਖਰ ਦੀ ਪ੍ਰਵਾਨਗੀ ਨਾਲ ਬਾਹਰ ਜਾਣਗੇ ਜਾਂ ਵਾਪਿਸ ਉਕਤ ਏਰੀਏ ਵਿੱਚ ਆਉਣਗੇ ਤਾਂ ਉਨ੍ਹਾਂ ਵਹੀਕਲਾਂ ਨੂੰ ਸਬੰਧਤ ਪੰਚਾਇਤ ਸੈਕਟਰੀ 1% Sodium hypochlorite ਨਾਲ ਸੈਨੀਟਾਈਜ਼ ਕਰਵਾਉਣ ਲਈ ਜਿਮੇਵਾਰ ਹੋਣਗੇ। ਇਸ ਤੋਂ ਇਲਾਵਾ ਉਕਤ ਏਰੀਏ ਨੂੰ ਪੂਰੀ ਤਰ੍ਹਾਂ ਸੈਨੀਟਾਈਜ਼ ਕਰਨਾ ਯਕੀਨੀ ਬਣਾਇਆ ਜਾਵੇ। |
| 4 | ਉਪ ਮੰਡਲ ਇੰਜੀਨੀਅਰ, ਪ੍ਰਾਂਤਕ ਉਪ ਮੰਡਲ ਲੋਕ ਨਿਰਮਾਣ ਵਿਭਾਗ,ਸ੍ਰੀ ਅਨੰਦਪੁਰ ਸਾਹਿਬ। | ਭਾਰਤ ਸਰਕਾਰ ਵਲੋਂ ਜਾਰੀ Containment Plan Covid-19 ਦੀ ਪਾਲਣਾ ਵਿੱਚ ਉਕਤ ਏਰੀਏ ਨੂੰ ਪੂਰੀ ਤਰ੍ਹਾਂ ਸੀਲ ਕਰਨ ਲਈ ਬੈਰੀਕੇਡਿੰਗ ਆਦਿ ਦਾ ਕੰਮ ਕਰਵਾਉਣ ਲਈ ਜਿੰਮੇਵਾਰ ਹੋਣਗੇ। |
| 5 | ਉਪ ਮੰਡਲ ਇੰਜੀਨੀਅਰ, ਵਾਟਰ ਸਪਲਾਈ ਅਤੇ ਸੈਨੀਟੇਸ਼ਨ ਨੰਬਰ-2,ਸ੍ਰੀ ਅਨੰਦਪੁਰ ਸਾਹਿਬ | ਉਕਤ ਏਰੀਏ ਵਿੱਚ ਪਾਣੀ ਦੀ ਨਿਰਵਿਘਨ ਸਪਲਾਈ ਕਰਵਾਉਣ ਲਈ ਜਿੰਮੇਵਾਰ ਹੋਣਗੇ। |
| 6 | ਉਪ ਮੰਡਲ ਇੰਜੀਨੀਅਰ, ਪੀ.ਐਸ.ਪੀ.ਸੀ.ਐਲ. ਸ੍ਰੀ ਅਨੰਦਪੁਰ ਸਾਹਿਬ | ਉਕਤ ਏਰੀਏ ਵਿੱਚ ਬਿਜਲੀ ਦੀ ਨਿਰਵਿਘਨ ਸਪਲਾਈ ਚਾਲੂ ਰੱਖਣ ਲਈ ਜਿੰਮੇਵਾਰ ਹੋਣਗੇ। |
| 7 | 1)ਜਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ,ਰੂਪਨਗਰ<br><br>2) ਸਕੱਤਰ,ਮਾਰਕਿਟ ਕਮੇਟੀ, ਸ੍ਰੀ ਅਨੰਦਪੁਰ ਸਾਹਿਬ। | 1)ਉਕਤ ਏਰੀਏ ਵਿੱਚ ਜਰੂਰੀ ਸਮਾਨ ਜਿਵੇਂਕਿ ਰਾਸ਼ਨ, ਗੈਸ ਆਦਿ ਦੀ ਸਪਲਾਈ ਕਰਵਾਉਣ ਲਈ ਡੀ.ਐਫ.ਐਸ.ਈ. ਰੂਪਨਗਰ ਓਵਰ ਆਲ ਇੰਜਾਰਜ਼ ਹੋਣਗੇ। ਜੇਕਰ ਇਸ ਸਮੇਂ ਦੌਰਾਨ ਇਸ ਏਰੀਏ ਵਿੱਚ ਰਾਸ਼ਨ ਆਦਿ ਦੀ ਸਮੱਸਿਆ ਆਉਂਦੀ ਹੈ ਤਾਂ ਉਸਨੂੰ ਮੌਕੇ ਤੇ ਹੀ ਨਜਿੱਠਣਗੇ।<br><br>2)ਉਕਤ ਏਰੀਏ ਵਿੱਚ ਫਲ੍ਹਾਂ, ਸਬਜੀਆਂ ਆਦਿ ਅਤੇ ਹੋਰ ਜਰੂਰੀ ਵਸਤੂਆਂ ਮੁਹੱਈਆ ਕਰਵਾਉਣ ਲਈ ਜਿੰਮੇਵਾਰ ਹੋਣਗੇ। |
| 8 | ਏ..ਆਰ. ਸਹਿਕਾਰੀ ਸਭਾਵਾਂ, ਸ੍ਰੀ ਅਨੰਦਪੁਰ ਸਾਹਿਬ। | ਉਕਤ ਏਰੀਏ ਵਿੱਚ ਦੁੱਧ ਆਦਿ ਦੀ ਨਿਰਵਿਘਨ ਸਪਲਾਈ ਕਰਨ ਲਈ ਜਿੰਮੇਵਾਰ ਹੋਣਗੇ। |

Scanned with CamScanner

| | | |
|---|---|---|
| 9 | ਸ੍ਰੀ ਨਰੇਸ਼ ਕੁਮਾਰ,ਸਹਾਇਕ ਇੰਜੀਨੀਅਰ,ਬੀ.ਡੀ.ਪੀ.ਓ. ਦਫਤਰ, ਸ੍ਰੀ ਅਨੰਦਪੁਰ ਸਾਹਿਬ। | ਉਕਤ ਏਰੀਏ ਵਿੱਚ ਸਪੇਸ਼ਲ ਕਾਰਜਕਾਰੀ ਮੈਜਿਸਟਰੇਟ ਹੋਣਗੇ। |
| 10 | ਸੀਨੀਅਰ ਵੈਟਨਰੀ ਅਫਸਰ, ਸ੍ਰੀ ਅਨੰਦਪੁਰ ਸਾਹਿਬ। | 1)ਉਕਤ ਏਰੀਏ ਵਿੱਚ ਪਸ਼ੂ ਧੰਨ ਦੀ ਦੇਖਭਾਲ/ ਸਾਂਭ ਸੰਭਾਲ ਅਤੇ ਇਲਾਜ ਲਈ ਜਿੰਮੇਵਾਰ ਹੋਣਗੇ।<br>2) ਜੇਕਰ ਉਕਤ ਏਰੀਏ ਵਿੱਚ ਪਸ਼ੂਆਂ ਲਈ ਫੀਡ ਸਬੰਧੀ ਮੁਸ਼ਕਿਲ ਪੇਸ਼ ਆਉਂਦੀ ਹੈ ਤਾਂ ਫੀਡ/ ਚਾਰਾ ਆਦਿ ਮੁਹੱਈਆ ਕਰਵਾਉਣ ਲਈ ਜਿੰਮੇਵਾਰ ਹੋਣਗੇ। |

ਉਪ ਮੰਡਲ ਮੈਜਿਸਟਰੇਟ,
ਸ੍ਰੀ ਅਨੰਦਪੁਰ ਸਾਹਿਬ।

ਪਿੱਠ ਅੰਕਣ ਨੰਬਰ ਸਪੈਸ਼ਲ1 /ਸਟੈਨੋ ਮਿਤੀ 21.11.2020

ਇਸ ਦਾ ਇੱਕ ਉਤਾਰਾ:-

1. ਡਿਪਟੀ ਕਮਿਸ਼ਨਰ,ਰੂਪਨਗਰ।
2. ਸੀਨੀਅਰ ਪੁਲਿਸ ਕਪਤਾਨ,ਰੂਪਨਗਰ।
3. ਉਪ ਕਪਤਾਨ ਪੁਲਿਸ,ਸ੍ਰੀ ਅਨੰਦਪੁਰ ਸਾਹਿਬ।
4. ਸਿਵਲ ਸਰਜਨ,ਰੂਪਨਗਰ।
5. ਸਬੰਧਤ ਅਧਿਕਾਰੀਆਂ।

ਨੂੰ ਸੂਚਨਾਂ ਅਤੇ ਅਗਲੇਰੀ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਉਪ ਮੰਡਲ ਮੈਜਿਸਟਰੇਟ,
ਸ੍ਰੀ ਅਨੰਦਪੁਰ ਸਾਹਿਬ।

Scanned with CamScanner